# ਵਰਕਿੰਗ ਵਿਦ ਚਿਲਡਰਨ ਚੈੱਕ - ਸ਼ਬਦਾਵਲੀ

ਵੈਸਟਰਨ ਆਸਟ੍ਰੇਲੀਆ (WA) ਵਰਕਿੰਗ ਵਿਦ ਚਿਲਡਰਨ (WWC) ਚੈੱਕ ਬਾਰੇ ਵਰਤੇ ਗਏ ਸ਼ਬਦਾਂ ਦੀ ਸ਼ਬਦਾਵਲੀ।

## ਕੰਮ ਕਰਨ ਦਾ ਇਕਰਾਰਨਾਮਾ

ਕੰਮ ਕਰਨ ਦਾ ਇਕਰਾਰਨਾਮਾ ਕਿਸੇ ਵਿਅਕਤੀ ਅਤੇ ਕਿਸੇ ਹੋਰ ਵਿਅਕਤੀ ਜਾਂ **ਸੰਸਥਾ** ਦੇ ਵਿਚਕਾਰ **ਅਦਾਇਗੀਸ਼ੁਦਾ**, **ਗ਼ੈਰ-ਅਦਾਇਗੀਸ਼ੁਦਾ** ਜਾਂ **ਵਾਲੰਟੀਅਰ** ਆਧਾਰ 'ਤੇ **ਬੱਚਿਆਂ ਨਾਲ ਸੰਬੰਧਿਤ ਕੰਮ** ਕਰਨ ਲਈ ਇੱਕ ਲਿਖਤੀ ਜਾਂ ਅਣ-ਲਿਖਤੀ ਸਮਝੌਤਾ ਹੋ ਸਕਦਾ ਹੈ।

**ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਕਾਨੂੰਨ 2004** ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਇਹ **ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ** ਅਤੇ *ਬੱਚਿਆਂ ਨਾਲ ਸੰਬੰਧਿਤ ਕਾਰੋਬਾਰ* ਦੋਵਾਂ ਦਾ ਹਵਾਲਾ ਦੇ ਸਕਦਾ ਹੈ।

## ਮੁਲਾਂਕਣ ਨੋਟਿਸ (WWC ਕਾਰਡ)

ਇੱਕ ਮੁਲਾਂਕਣ ਨੋਟਿਸ ਕਾਨੂੰਨ ਵਿੱਚ WWC ਕਾਰਡ ਨੂੰ ਦਿੱਤਾ ਗਿਆ ਸ਼ਬਦ ਹੈ।

## ਅਧਿਕਾਰਤ ਅਧਿਕਾਰੀ

ਇੱਕ ਅਧਿਕਾਰਤ ਅਧਿਕਾਰੀ WWC ਸਕ੍ਰੀਨਿੰਗ ਯੂਨਿਟ ਦਾ ਇੱਕ ਅਧਿਕਾਰੀ ਹੁੰਦਾ ਹੈ ਜਿਸਨੂੰ ਕਮਿਊਨਿਟੀਜ਼ ਵਿਭਾਗ ਦੇ ਮੁੱਖ ਕਾਰਜਕਾਰੀ ਅਧਿਕਾਰੀ ਦੁਆਰਾ ਭੂਮਿਕਾ ਲਈ ਨਿਯੁਕਤ ਕੀਤਾ ਗਿਆ ਹੁੰਦਾ ਹੈ। ਇੱਕ ਅਧਿਕਾਰਤ ਅਧਿਕਾਰੀ ਦੂਜੇ ਲੋਕਾਂ ਨੂੰ ਉਹਨਾਂ ਦੀਆਂ ਕੰਮ ਕਰਨ ਦੀਆਂ ਸ਼ਕਤੀਆਂ ਨੂੰ ਪੂਰਾ ਕਰਨ ਵਿੱਚ ਉਹਨਾਂ ਦੀ ਸਹਾਇਤਾ ਕਰਨ ਲਈ ਅਧਿਕਾਰਤ ਕਰ ਸਕਦਾ ਹੈ, ਉਦਾਹਰਨ ਲਈ ਇੱਕ ਤਾਲਾਬੰਦ ਅਲਮਾਰੀ ਜਾਂ ਦਰਵਾਜ਼ਾ ਖੋਲ੍ਹਣ ਲਈ ਤਾਲਾ ਖੋਲ੍ਹਣ ਵਾਲੇ ਕਾਰੀਗਰ ਨੂੰ।

## ਕੰਬਲ ਨੀਤੀ

ਇੱਕ ਕੰਬਲ ਨੀਤੀ ਇੱਕ **ਸੰਸਥਾ** ਦੀ ਨੀਤੀ ਨੂੰ ਦਰਸਾਉਂਦੀ ਹੈ ਜਿਸ ਵਿੱਚ ਸਾਰੇ ਕਰਮਚਾਰੀਆਂ, ਵਾਲੰਟੀਅਰਾਂ, ਵਿਦਿਆਰਥੀਆਂ ਅਤੇ ਸਵੈ-ਰੁਜ਼ਗਾਰ ਵਾਲੇ ਠੇਕੇਦਾਰਾਂ ਨੂੰ ਇੱਕ ਵੈਧ WWC ਚੈੱਕ ਕਰਵਾਉਣ ਦੀ ਲੋੜ ਹੁੰਦੀ ਹੈ, ਚਾਹੇ ਉਹ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੋਣ ਜਾਂ ਨਾ।

## ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ

ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਸ਼੍ਰੇਣੀਆਂ ਕਾਨੂੰਨ ਦੀ ਧਾਰਾ 6 ਅਧੀਨ ਸੂਚੀਬੱਧ 18 ਨਿਰਧਾਰਤ ਸ਼੍ਰੇਣੀਆਂ ਨੂੰ ਦਰਸਾਉਂਦੀਆਂ ਹਨ। ਉਹ ਹਨ:

1. ਬਾਲ ਦੇਖਭਾਲ ਸੇਵਾ
2. ਸਕੂਲ ਸਿੱਖਿਆ ਕਾਨੂੰਨ 1999 ਭਾਗ 5 ਅਧੀਨ ਰਜਿਸਟਰਡ ਇੱਕ ਕਮਿਊਨਿਟੀ ਕਿੰਡਰਗਾਰਟਨ
3. ਬੱਚਿਆਂ ਦੀ ਵਿੱਦਿਅਕ ਸੰਸਥਾ
4. ਕਿਸੇ ਵੀ ਕਿਸਮ ਦੀ ਕੋਚਿੰਗ ਜਾਂ ਪ੍ਰਾਈਵੇਟ ਟਿਊਸ਼ਨ ਸੇਵਾ, ਪਰ ਨਿੱਜੀ ਜਾਂ ਘਰੇਲੂ ਉਦੇਸ਼ਾਂ ਲਈ ਕੀਤੇ ਗਏ **ਗ਼ੈਰ-ਰਸਮੀ ਪ੍ਰਬੰਧ (informal arrangement)** ਸ਼ਾਮਲ ਨਹੀਂ ਹਨ।

5. ਬੱਚਿਆਂ ਦੀ ਰਿਹਾਇਸ਼ ਜਾਂ ਦੇਖਭਾਲ ਲਈ ਪ੍ਰਬੰਧ, ਭਾਵੇਂ ਰਿਹਾਇਸ਼ੀ ਸਹੂਲਤ ਵਿੱਚ ਹੋਵੇ ਜਾਂ ਨਿੱਜੀ ਰਿਹਾਇਸ਼ ਵਿੱਚ, ਪਰ ਇਸ ਵਿੱਚ ਸੰਬੰਧਿਤ ਬੱਚੇ ਦੇ ਮਾਪਿਆਂ (parent) ਦੁਆਰਾ ਕੀਤੇ ਗਏ ਗ਼ੈਰ-ਰਸਮੀ ਪ੍ਰਬੰਧ (informal arrangement) ਜਾਂ ਬੱਚੇ (child) ਦੇ ਕਿਸੇ ਰਿਸ਼ਤੇਦਾਰ (relative) ਦੁਆਰਾ ਪ੍ਰਦਾਨ ਕੀਤੀ ਗਈ ਰਿਹਾਇਸ਼ ਜਾਂ ਦੇਖਭਾਲ ਸ਼ਾਮਲ ਨਹੀਂ ਹੈ।
6. *ਚਿਲਡਰਨ ਐਂਡ ਕਮਿਊਨਿਟੀ ਸਰਵਿਸਿਜ਼ ਕਾਨੂੰਨ 2004* ਦੇ ਤਹਿਤ ਪਲੇਸਮੈਂਟ ਪ੍ਰਬੰਧ ਜਾਂ ਸੁਰੱਖਿਅਤ ਦੇਖਭਾਲ ਦਾ ਪ੍ਰਬੰਧ
7. ਇੱਕ ਅਫ਼ਸਰ ਦੁਆਰਾ ਕੀਤੇ ਗਏ ਕੰਮ ਹਨ, ਜਿਵੇਂ ਕਿ *ਚਿਲਡਰਨ ਐਂਡ ਕਮਿਊਨਿਟੀ ਸਰਵਿਸਿਜ਼ ਕਾਨੂੰਨ 2004* ਧਾਰਾ 3 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ, ਉਸ ਕਾਨੂੰਨ ਦੇ ਅਧੀਨ ਅਫ਼ਸਰ ਨੂੰ ਦਿੱਤਾ ਗਿਆ ਕੰਮ ਹੈ।
8. ਇੱਕ ਨਜ਼ਰਬੰਦੀ ਕੇਂਦਰ, ਜਿਵੇਂ ਕਿ *ਯੰਗ ਔਫੈਂਡਰਜ਼ (ਯੁਵਾ ਅਪਰਾਧੀ) ਕਾਨੂੰਨ 1994* ਧਾਰਾ 3 ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।
9. ਕਮਿਊਨਿਟੀ ਬਾਲ ਸਿਹਤ ਸੇਵਾ
10. ਕਾਉਂਸਲਿੰਗ ਜਾਂ ਹੋਰ ਸਹਾਇਤਾ ਸੇਵਾ
11. ਧਾਰਮਿਕ ਸੰਸਥਾ
12. ਇੱਕ ਕਲੱਬ, ਐਸੋਸੀਏਸ਼ਨ ਜਾਂ ਮੁਹਿੰਮ (ਸੱਭਿਆਚਾਰਕ, ਮਨੋਰੰਜਕ ਜਾਂ ਖੇਡ ਨਾਲ ਸੰਬੰਧਿਤ ਸਮੇਤ ਅਤੇ ਭਾਵੇਂ ਗਠਨ ਕੀਤਾ ਗਿਆ ਹੋਵੇ ਜਾਂ ਨਾ ਹੋਵੇ) ਜਿਸ ਵਿੱਚ ਬੱਚਿਆਂ ਦੀ ਕਾਫ਼ੀ ਜ਼ਿਆਦਾ ਮੈਂਬਰਸ਼ਿਪ ਜਾਂ ਸ਼ਮੂਲੀਅਤ ਹੈ, ਪਰ ਨਿੱਜੀ ਜਾਂ ਘਰੇਲੂ ਉਦੇਸ਼ਾਂ ਲਈ ਗ਼ੈਰ-ਰਸਮੀ ਪ੍ਰਬੰਧ ਨੂੰ ਸ਼ਾਮਲ ਨਹੀਂ ਕਰਦੀ ਹੈ।
13. ਇੱਕ ਸਰਕਾਰੀ ਜਾਂ ਪ੍ਰਾਈਵੇਟ ਹਸਪਤਾਲ ਦਾ ਇੱਕ ਵਾਰਡ ਜਿਸ ਵਿੱਚ ਬੱਚੇ ਆਮ ਤੌਰ 'ਤੇ ਮਰੀਜ਼ ਹੁੰਦੇ ਹਨ
14. ਬੇਬੀ ਸਿਟਿੰਗ ਜਾਂ ਚਾਈਲਡ (child) ਮਾਈਂਡਿੰਗ ਸੇਵਾ ਪਰ ਨਿੱਜੀ ਜਾਂ ਘਰੇਲੂ ਉਦੇਸ਼ਾਂ ਲਈ ਕੀਤੇ ਗਏ ਗ਼ੈਰ-ਰਸਮੀ ਪ੍ਰਬੰਧ (informal arrangement) ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਹੈ।
15. ਰਿਹਾਇਸ਼ ਦੀ ਕਿਸਮ ਜਾਂ ਕਿੰਨੇ ਬੱਚੇ ਸ਼ਾਮਲ ਹਨ ਇਸ ਗੱਲ ਦੀ ਦੀ ਪਰਵਾਹ ਕੀਤੇ ਬਗੈਰ ਰਾਤ ਰਹਿਣ ਵਾਲੇ ਕੈਂਪ।
16. ਖ਼ਾਸ ਤੌਰ 'ਤੇ ਬੱਚਿਆਂ ਲਈ ਆਵਾਜਾਈ ਸੇਵਾ
17. ਸਕੂਲ ਕਰਾਸਿੰਗ ਸੇਵਾ, ਬੱਚਿਆਂ ਨੂੰ ਸਕੂਲ ਆਉਣ-ਜਾਣ ਦੇ ਰਸਤੇ ਵਿੱਚ ਸੜਕ ਪਾਰ ਕਰਨ ਵਿੱਚ ਸਹਾਇਤਾ ਕਰਨ ਲਈ ਪ੍ਰਦਾਨ ਕੀਤੀ ਗਈ ਸੇਵਾ ਹੁੰਦੀ ਹੈ।
18. ਬੱਚਿਆਂ ਦੀ ਮਨੋਰੰਜਨ ਜਾਂ ਪਾਰਟੀ ਸੇਵਾ।

ਬੱਚਿਆਂ ਨਾਲ ਸੰਬੰਧਿਤ ਕੰਮ ਦੀਆਂ ਦੋ ਵਾਧੂ ਸ਼੍ਰੇਣੀਆਂ ਹਨ ਜੋ ਵਿਸ਼ੇਸ਼ ਤੌਰ 'ਤੇ WWC ਸਕ੍ਰੀਨਿੰਗ ਯੂਨਿਟ ਦੇ ਸਟਾਫ਼ ਨਾਲ ਸੰਬੰਧਿਤ ਹਨ ਜਾਂ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਰੈਗੂਲੇਸ਼ਨਜ਼ 2005* ਵਿੱਚ ਦਰਸਾਏ ਗਏ ਹੋਰ ਕੰਮ ਨਾਲ ਸੰਬੰਧਿਤ ਹਨ।

## ਬੱਚਾ/ਬੱਚੇ

ਬੱਚਾ ਸ਼ਬਦ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਦਰਸਾਉਂਦਾ ਹੈ।

## ਬੱਚਿਆਂ ਨਾਲ ਸੰਬੰਧਿਤ ਕਾਰੋਬਾਰ

ਬੱਚਿਆਂ ਨਾਲ ਸੰਬੰਧਿਤ ਕਾਰੋਬਾਰ ਨੂੰ ਕਾਨੂੰਨ ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ ਦੇ ਕੋਰਸ ਦੀ ਬਜਾਏ ਲਾਭ ਜਾਂ ਇਨਾਮ ਲਈ ਕਿਸੇ ਵਿਅਕਤੀ ਦੁਆਰਾ ਕੀਤਾ ਜਾਂਦਾ ਹੈ।
ਇਸ ਵਿੱਚ ਸਵੈ-ਰੁਜ਼ਗਾਰ ਵਾਲੇ ਲੋਕ, ਕੰਪਨੀ ਦੇ ਡਾਇਰੈਕਟਰ ਜਾਂ ਕਾਰੋਬਾਰ ਵਿੱਚ ਭਾਗੀਦਾਰ ਜਾਂ ਚਾਈਲਡ ਕੇਅਰ ਸੇਵਾ ਦਾ ਪ੍ਰਬੰਧਕੀ ਅਧਿਕਾਰੀ ਸ਼ਾਮਲ ਹੋ ਸਕਦਾ ਹੈ।

## ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ

ਬੱਚਿਆਂ ਨਾਲ ਸੰਬੰਧਿਤ ਰੁਜ਼ਗਾਰ ਨੂੰ ਕਾਨੂੰਨ ਵਿੱਚ ਬੱਚਿਆਂ ਨਾਲ ਸੰਬੰਧਿਤ ਕੰਮ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ:

- ਰੁਜ਼ਗਾਰ ਜਾਂ ਸਿਖਲਾਈ ਦੇ ਇਕਰਾਰਨਾਮੇ (ਲਿਖਤੀ ਜਾਂ ਅਣਲਿਖਤ) ਦੇ ਅਧੀਨ ਇੱਕ ਵਿਅਕਤੀ ਦੁਆਰਾ
- ਕਿਸੇ ਵਿਅਕਤੀ ਦੁਆਰਾ ਕਿਸੇ ਹੋਰ ਵਿਅਕਤੀ ਨਾਲ ਇੱਕ ਸਮਝੌਤੇ (ਲਿਖਤ ਜਾਂ ਅਣਲਿਖਤ) ਅਧੀਨ ਸਵੈਇੱਛਤ ਅਧਾਰ 'ਤੇ
- ਕਿਸੇ ਵਿਅਕਤੀ ਦੁਆਰਾ ਧਰਮ ਮੰਤਰੀ ਵਜੋਂ ਜਾਂ ਕਿਸੇ ਧਾਰਮਿਕ ਸੰਸਥਾ ਦੇ ਉਦੇਸ਼ਾਂ ਲਈ ਕਿਸੇ ਹੋਰ ਸਮਰੱਥਾ ਵਿੱਚ ਜਾਂ
- ਵਿਦਿਆਰਥੀ ਦੁਆਰਾ ਕਿਸੇ ਹੋਰ ਵਿਅਕਤੀ ਨਾਲ ਜੋ ਵਿਦਿਆਰਥੀ ਦੀ ਪੜ੍ਹਾਈ ਦੇ ਕੋਰਸ ਦੇ ਹਿੱਸੇ ਵਜੋਂ ਕੀਤਾ ਜਾ ਸਕਦਾ ਹੈ ਜਾਂ ਲਾਜ਼ਮੀ ਹੈ।

## ਬੱਚਿਆਂ ਨਾਲ ਸੰਬੰਧਿਤ ਕੰਮ

ਬਾਲ-ਸੰਬੰਧਿਤ ਕੰਮ ਨੂੰ ਕਾਨੂੰਨ ਦੀ ਧਾਰਾ 6 ਵਿੱਚ ਉਹ ਕੰਮ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜਿਸ ਵਿੱਚ **ਬੱਚਿਆਂ ਨਾਲ ਸੰਬੰਧਿਤ ਕੰਮ** ਦੀ ਘੱਟੋ-ਘੱਟ ਇੱਕ **ਸ਼੍ਰੇਣੀ** ਦੇ ਸੰਬੰਧ ਵਿੱਚ **ਆਮ ਡਿਊਟੀਆਂ** ਵਿੱਚ ਬੱਚੇ ਨਾਲ **ਸੰਪਰਕ ਹੋਣਾ** ਸ਼ਾਮਲ ਹੁੰਦਾ ਹੈ ਜਾਂ ਸੰਪਰਕ ਸ਼ਾਮਲ ਹੋਣ ਦੀ ਸੰਭਾਵਨਾ ਸ਼ਾਮਲ ਹੁੰਦੀ ਹੈ ਜਦੋਂ ਤੱਕ ਕੋਈ ਛੋਟ ਲਾਗੂ ਨਹੀਂ ਹੁੰਦੀ ਹੈ।

### ਕਲਾਸ 1 ਦਾ ਅਪਰਾਧ

ਕਲਾਸ 1 ਦਾ ਅਪਰਾਧ ਧਾਰਾ 7(1) ਦੇ ਤਹਿਤ ਨਿਰਧਾਰਤ ਅਤੇ ਕਾਨੂੰਨ ਦੀ ਅਨੁਸੂਚੀ 1 ਵਿੱਚ ਸੂਚੀਬੱਧ ਕੀਤੇ ਅਨੁਸਾਰ ਇੱਕ ਅਪਰਾਧ ਹੈ। ਇਸ ਵਿੱਚ ਕਿਸੇ ਹੋਰ ਅਧਿਕਾਰ ਖੇਤਰਾਂ, ਜਿਵੇਂ ਕਿ ਕਿਸੇ ਹੋਰ ਰਾਜ ਜਾਂ ਖੇਤਰ, ਜਾਂ WWC ਨਿਯਮਾਂ ਦੀ ਅਨੁਸੂਚੀ 2 ਵਿੱਚ ਨਿਰਧਾਰਤ ਰਾਸ਼ਟਰਮੰਡਲ ਅਪਰਾਧਿਕ ਕੋਡ ਜਾਬਤੇ ਦੇ ਅਧੀਨ ਅਪਰਾਧ ਸ਼ਾਮਲ ਹੋ ਸਕਦੇ ਹਨ।

### ਕਲਾਸ 2 ਦਾ ਅਪਰਾਧ

ਕਲਾਸ 2 ਦਾ ਅਪਰਾਧ ਧਾਰਾ 7(2) ਦੇ ਤਹਿਤ ਨਿਰਧਾਰਤ ਅਤੇ ਕਾਨੂੰਨ ਦੀ ਅਨੁਸੂਚੀ 2 ਵਿੱਚ ਸੂਚੀਬੱਧ ਕੀਤੇ ਅਨੁਸਾਰ ਇੱਕ ਅਪਰਾਧ ਹੈ। ਇਸ ਵਿੱਚ ਕਿਸੇ ਹੋਰ ਅਧਿਕਾਰ ਖੇਤਰਾਂ, ਜਿਵੇਂ ਕਿ ਕਿਸੇ ਹੋਰ ਰਾਜ ਜਾਂ ਖੇਤਰ, ਜਾਂ WWC ਨਿਯਮਾਂ ਦੀ ਅਨੁਸੂਚੀ 3 ਵਿੱਚ ਨਿਰਧਾਰਤ ਰਾਸ਼ਟਰਮੰਡਲ ਅਪਰਾਧਿਕ ਕੋਡ ਜਾਬਤੇ ਦੇ ਅਧੀਨ ਅਪਰਾਧ ਸ਼ਾਮਲ ਹੋ ਸਕਦੇ ਹਨ।

### ਕਲਾਸ 3 ਦਾ ਅਪਰਾਧ

ਕਲਾਸ 3 ਦਾ ਅਪਰਾਧ ਇੱਕ ਅਜਿਹਾ ਅਪਰਾਧ ਹੈ ਜਿਸ ਨੂੰ WWC ਕਾਨੂੰਨ ਦੇ ਤਹਿਤ ਕਲਾਸ 1 ਜਾਂ ਕਲਾਸ 2 ਦਾ ਅਪਰਾਧ ਨਹੀਂ ਮੰਨਿਆ ਜਾਂਦਾ ਹੈ। ਇਸ ਵਿੱਚ ਕਿਸੇ ਹੋਰ ਅਧਿਕਾਰ ਖੇਤਰਾਂ, ਜਿਵੇਂ ਕਿ ਕਿਸੇ ਹੋਰ ਰਾਜ ਜਾਂ ਖੇਤਰ ਦੇ ਕਾਨੂੰਨ ਅਧੀਨ ਅਪਰਾਧ ਸ਼ਾਮਲ ਹੋ ਸਕਦੇ ਹਨ।

## ਸੰਪਰਕ

ਕਾਨੂੰਨ ਵਿੱਚ ਸੰਪਰਕ ਨੂੰ ਸਰੀਰਕ ਸੰਪਰਕ, ਮੌਖਿਕ ਸੰਚਾਰ (ਆਹਮੋ-ਸਾਹਮਣੇ, ਟੈਲੀਫ਼ੋਨ ਜਾਂ ਹੋਰ) ਅਤੇ ਇਲੈਕਟ੍ਰਾਨਿਕ ਸੰਚਾਰ ਦੇ ਰੂਪ ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

ਇਸ ਵਿੱਚ ਕਿਸੇ ਰੁਜ਼ਗਾਰਦਾਤਾ ਅਤੇ ਇੱਕ ਕਰਮਚਾਰੀ ਵਿਚਕਾਰ, ਜਾਂ ਇੱਕ ਦੂਜੇ ਦੇ ਨਾਲ ਕੰਮ ਕਰਨ ਵਾਲੇ ਇੱਕੋ ਰੁਜ਼ਗਾਰਦਾਤਾ ਦੇ ਕਰਮਚਾਰੀਆਂ ਵਿਚਕਾਰ, ਜਾਂ ਬੱਚਿਆਂ ਨਾਲ **ਇਤਫ਼ਾਕ ਨਾਲ** ਸੰਪਰਕ ਸ਼ਾਮਲ ਨਹੀਂ ਹੁੰਦਾ ਹੈ।

### ਵਾਪਿਸ ਲਿਆ ਮੰਨ ਲੈਣਾ

ਉਸਨੂੰ ਵਾਪਿਸ ਲੈ ਲਿਆ ਗਿਆ ਮੰਨਿਆ ਜਾਂਦਾ ਹੈ ਜਦੋਂ WWC ਸਕ੍ਰੀਨਿੰਗ ਯੂਨਿਟ ਦੁਆਰਾ WWC ਚੈੱਕ ਦੀ ਅਰਜ਼ੀ ਨੂੰ ਇਸ ਤੋਂ ਬਾਅਦ ਰੱਦ ਕਰਨ ਦਾ ਹਵਾਲਾ ਦਿੰਦਾ ਹੈ ਜਦੋਂ:

- ਕਿਸੇ ਵਿਅਕਤੀ ਦੀ ਪਛਾਣ ਜਾਂ ਉਸ ਵਿਅਕਤੀ ਜਾਂ ਉਸ ਦੀ ਨਾਮਜ਼ਦ ਸੰਸਥਾ ਨਾਲ ਬੱਚਿਆਂ ਨਾਲ ਸੰਬੰਧਿਤ ਕੰਮ ਦੀ ਪੁਸ਼ਟੀ ਕਰਨ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ ਹਨ ਜਾਂ
- ਨਾਮਜ਼ਦ ਸੰਸਥਾ ਦਾ ਨੁਮਾਇੰਦੇ ਇਹ ਪੁਸ਼ਟੀ ਕਰਨ ਵਿੱਚ ਅਸਫ਼ਲ ਰਹਿੰਦਾ ਹੈ ਕਿ ਕੋਈ ਵਿਅਕਤੀ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਨੌਕਰੀ ਕਰਦਾ ਹੈ ਜਾਂ ਕਰੇਗਾ।

### ਸਿੱਖਿਆ ਪ੍ਰਦਾਤਾ

ਇੱਕ ਸਿੱਖਿਆ ਪ੍ਰਦਾਤਾ ਨੂੰ ਕਾਨੂੰਨ ਵਿੱਚ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ:

- ਇਸ ਰਾਜ, ਰਾਸ਼ਟਰਮੰਡਲ, ਜਾਂ ਕਿਸੇ ਹੋਰ ਰਾਜ ਜਾਂ ਖੇਤਰ ਦੇ ਕਾਨੂੰਨ ਅਧੀਨ ਇੱਕ ਯੂਨੀਵਰਸਿਟੀ ਸਥਾਪਿਤ ਕੀਤੀ ਗਈ ਜਾਂ ਚੱਲ ਰਹੀ ਹੈ
- *ਬੌਂਡ ਯੂਨੀਵਰਸਿਟੀ ਕਾਨੂੰਨ 1987* (ਕਵੀਨਜ਼ਲੈਂਡ) ਧਾਰਾ 2 ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਯੂਨੀਵਰਸਿਟੀ ਕੰਪਨੀ
- *ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਕਾਨੂੰਨ 1996* ਧਾਰਾ 5(1) ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਕਾਲਜ ਜਾਂ ਹੋਰ ਕਿੱਤਾਮੁਖੀ ਅਤੇ ਸਿਖਲਾਈ ਸੰਸਥਾ
- *ਵੋਕੇਸ਼ਨਲ ਐਜੂਕੇਸ਼ਨ ਐਂਡ ਟਰੇਨਿੰਗ ਕਾਨੂੰਨ 1996* ਧਾਰਾ 6(1) ਅਧੀਨ ਪਰਿਭਾਸ਼ਿਤ ਸਕੂਲ
- ਇੱਕ ਅਧਿਕਾਰਤ ਗ਼ੈਰ-ਯੂਨੀਵਰਸਿਟੀ ਸੰਸਥਾ
- ਇੱਕ ਮਾਨਤਾ ਪ੍ਰਾਪਤ ਆਸਟ੍ਰੇਲੀਆ ਦੀ ਯੂਨੀਵਰਸਿਟੀ
- *ਉਚੇਰੀ ਸਿੱਖਿਆ ਕਾਨੂੰਨ 2004* ਧਾਰਾ 3 ਵਿੱਚ ਪਰਿਭਾਸ਼ਿਤ ਕੀਤੇ ਅਨੁਸਾਰ ਇੱਕ ਮਾਨਤਾ ਪ੍ਰਾਪਤ ਵਿਦੇਸ਼ੀ ਯੂਨੀਵਰਸਿਟੀ
- ਨਿਯਮਾਂ ਦੁਆਰਾ ਨਿਰਧਾਰਤ ਵਿੱਦਿਅਕ ਜਾਂ ਕਿੱਤਾਮੁਖੀ ਕੋਰਸ ਦਾ ਕੋਈ ਹੋਰ ਪ੍ਰਦਾਤਾ।

### ਛੋਟ

ਇੱਕ ਛੋਟ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਕਾਨੂੰਨ 2004* ਵਿੱਚ ਨਿਰਧਾਰਤ ਹਾਲਾਤਾਂ ਨੂੰ ਦਰਸਾਉਂਦੀ ਹੈ ਜਿੱਥੇ ਕੁੱਝ ਲੋਕ ਜੋ **ਬੱਚਿਆਂ ਨਾਲ ਸੰਬੰਧਿਤ ਕੰਮ** ਵਿੱਚ ਸ਼ਾਮਲ ਹੁੰਦੇ ਹਨ, ਨੂੰ ਇਸਦੀ ਲੋੜ ਨਹੀਂ ਹੁੰਦੀ ਹੈ ਅਤੇ ਇਸ ਲਈ ਉਹ WWC ਚੈੱਕ ਲਈ ਅਰਜ਼ੀ ਦੇਣ ਦੇ ਅਯੋਗ ਹੁੰਦੇ ਹਨ।

### ਰਸਮੀ ਪ੍ਰਬੰਧ

ਇੱਕ ਰਸਮੀ ਪ੍ਰਬੰਧ ਵਿੱਚ ਅਜਿਹਾ ਵਿਅਕਤੀ ਸ਼ਾਮਲ ਹੋ ਸਕਦਾ ਹੈ ਜੋ ਆਪਣੀਆਂ ਸੇਵਾਵਾਂ ਦਾ ਇਸ਼ਤਿਹਾਰ ਦੇ ਰਿਹਾ ਹੋਵੇ, ਸੰਬੰਧਿਤ ਸੇਵਾ ਪ੍ਰਦਾਨ ਕਰਨ ਵਾਲਾ ਕਾਰੋਬਾਰ ਚਲਾ ਰਿਹਾ ਹੋਵੇ; ਜਾਂ ਆਮ ਤੌਰ 'ਤੇ ਬੱਚਿਆਂ ਲਈ ਉਨ੍ਹਾਂ ਦੀ ਸੇਵਾ ਦਾ ਪ੍ਰਚਾਰ ਕਰਨਾ ਅਤੇ ਨਾ ਸਿਰਫ਼ ਉਨ੍ਹਾਂ ਦੇ ਆਪਣੇ ਸੋਸ਼ਲ ਨੈੱਟਵਰਕ ਦੇ ਅੰਦਰ ਬੱਚਿਆਂ ਦੀ ਦੇਖਭਾਲ ਕਰਨਾ।

### ਇਤਫ਼ਾਕਨ ਸੰਪਰਕ

ਇਤਫ਼ਾਕਨ ਸੰਪਰਕ ਬੱਚਿਆਂ ਨਾਲ ਸੰਪਰਕ ਨੂੰ ਦਰਸਾਉਂਦਾ ਹੈ ਜੋ ਕਿਸੇ ਵਿਅਕਤੀ ਦੇ ਕੰਮ ਦੇ ਫਰਜ਼ਾਂ ਦੇ ਦੌਰਾਨ ਹੋ ਸਕਦਾ ਹੈ, ਪਰ ਵਿਅਕਤੀ ਨੂੰ ਆਪਣੇ ਕੰਮ ਦੇ ਡਿਊਟੀਆਂ ਨੂੰ ਪੂਰਾ ਕਰਨ ਲਈ ਇਸ ਸੰਪਰਕ ਦੀ ਲੋੜ ਨਹੀਂ ਹੈ।

### ਵਿਅਕਤੀਗਤ

ਵਿਅਕਤੀਗਤ ਸ਼ਬਦ ਇੱਕ ਕਰਮਚਾਰੀ, ਇੱਕ ਵਿਦਿਆਰਥੀ, ਇੱਕ ਵਾਲੰਟੀਅਰ, ਜਾਂ ਇੱਕ ਸਵੈ-ਰੁਜ਼ਗਾਰ ਵਿਅਕਤੀ ਨੂੰ ਦਰਸਾਉਂਦਾ ਹੈ।

## ਗ਼ੈਰ-ਰਸਮੀ ਜਾਂ ਨਿੱਜੀ ਪ੍ਰਬੰਧ

WWC ਸਕ੍ਰੀਨਿੰਗ ਯੂਨਿਟ ਇੱਕ ਗ਼ੈਰ-ਰਸਮੀ ਜਾਂ ਨਿੱਜੀ ਪ੍ਰਬੰਧ ਨੂੰ ਇੱਕ ਅਜਿਹਾ ਮੰਨਦਾ ਹੈ ਜੋ ਸਿਰਫ਼ ਇੱਕ ਨਿੱਜੀ ਦੋਸਤੀ ਜਾਂ ਪਰਿਵਾਰਕ ਸਮੂਹ ਨਾਲ ਜੁੜੇ ਸੀਮਤ ਲੋਕਾਂ ਲਈ ਉਪਲਬਧ ਕਰਾਇਆ ਜਾਂਦਾ ਹੈ ਅਤੇ ਇੱਕ ਕਦੇ-ਕਦਾਈਂ ਦੇ ਆਧਾਰ 'ਤੇ ਕੀਤਾ ਜਾਂਦਾ ਹੈ।

ਇਹ ਚੇਤੇ ਰੱਖਣਾ ਮਹੱਤਵਪੂਰਨ ਹੈ ਕਿ ਕੁੱਝ ਪ੍ਰਬੰਧ ਗ਼ੈਰ-ਰਸਮੀ ਤੌਰ 'ਤੇ ਸ਼ੁਰੂ ਹੋ ਸਕਦੇ ਹਨ ਪਰ ਫਿਰ ਰਸਮੀ ਬਣ ਜਾਂਦੇ ਹਨ, ਜਿਸ ਲਈ WWC ਚੈੱਕ ਦੀ ਲੋੜ ਹੋ ਸਕਦੀ ਹੈ।

## ਅੰਤਰਿਮ ਨਕਾਰਾਤਮਕ ਨੋਟਿਸ

ਇੱਕ ਅੰਤਰਿਮ ਨਕਾਰਾਤਮਕ ਨੋਟਿਸ WWC ਸਕ੍ਰੀਨਿੰਗ ਯੂਨਿਟ ਦੁਆਰਾ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਕਾਨੂੰਨ 2004* ਦੇ ਤਹਿਤ ਜਾਰੀ ਕੀਤੇ ਗਏ ਨੋਟਿਸ ਦਾ ਹਵਾਲਾ ਦਿੰਦਾ ਹੈ ਜਦੋਂ ਉਹਨਾਂ ਨੂੰ ਬੱਚਿਆਂ ਦੀ ਤੁਰੰਤ ਸੁਰੱਖਿਆ ਨਾਲ ਸੰਬੰਧਿਤ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਹ ਫੌਰੀ ਤੌਰ 'ਤੇ ਕਿਸੇ ਵਿਅਕਤੀ ਨੂੰ **ਬੱਚਿਆਂ ਨਾਲ ਸੰਬੰਧਿਤ ਕੰਮ** ਵਿੱਚ ਸ਼ਾਮਲ ਹੋਣ ਤੋਂ ਉਦੋਂ ਤੱਕ ਮਨਾਹੀ ਕਰਦਾ ਹੈ ਜਦੋਂ ਤੱਕ ਇਹ ਅੰਤਿਮ ਮੁਲਾਂਕਣ ਨਹੀਂ ਕੀਤਾ ਜਾਂਦਾ ਕਿ ਕੀ ਵਿਅਕਤੀ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦਾ ਅਸਵੀਕਾਰਨਯੋਗ ਖ਼ਤਰਾ ਹੈ ਜਾਂ ਨਹੀਂ।

## ਨਕਾਰਾਤਮਕ ਨੋਟਿਸ

ਇੱਕ ਨਕਾਰਾਤਮਕ ਨੋਟਿਸ WWC ਸਕ੍ਰੀਨਿੰਗ ਯੂਨਿਟ ਦੁਆਰਾ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਕਾਨੂੰਨ 2004* ਦੇ ਤਹਿਤ ਜਾਰੀ ਕੀਤੇ ਗਏ ਨੋਟਿਸ ਨੂੰ ਦਰਸਾਉਂਦਾ ਹੈ ਜਦੋਂ ਇੱਕ ਵਿਅਕਤੀ ਦਾ ਮੁਲਾਂਕਣ ਉਸਦੇ ਬੱਚਿਆਂ ਨੂੰ ਨੁਕਸਾਨ ਪਹੁੰਚਾਉਣ ਦੇ ਅਸਵੀਕਾਰਨਯੋਗ ਖ਼ਤਰੇ ਨੂੰ ਦਰਸਾਉਂਦਾ ਹੈ।

ਇਹ ਕਿਸੇ ਵਿਅਕਤੀ ਨੂੰ **ਬੱਚਿਆਂ ਨਾਲ ਸੰਬੰਧਿਤ ਕਿਸੇ ਵੀ ਕੰਮ** ਵਿੱਚ ਸ਼ਾਮਲ ਹੋਣ ਤੋਂ ਤੁਰੰਤ ਮਨਾਹੀ ਕਰਦਾ ਹੈ ਅਤੇ ਰੱਦ ਹੋਣ ਤੱਕ ਚਾਲੂ ਰਹਿੰਦਾ ਹੈ।

## ਗ਼ੈਰ-ਦੋਸ਼ੀ ਦੋਸ਼

ਗ਼ੈਰ-ਦੋਸ਼ੀ ਦੋਸ਼ ਇੱਕ ਅਪਰਾਧ ਦਾ ਅਪਰਾਧਿਕ ਦੋਸ਼ ਹੁੰਦਾ ਹੈ ਜਿਸਦਾ ਨਿਪਟਾਰਾ ਅਦਾਲਤ ਦੁਆਰਾ ਦੋਸ਼ੀ ਠਹਿਰਾਏ ਜਾਣ ਦੇ ਤਰੀਕੇ ਦੁਆਰਾ ਨਹੀਂ ਕੀਤਾ ਗਿਆ ਹੈ। ਗ਼ੈਰ-ਦੋਸ਼ੀ ਦੋਸ਼ ਦੀਆਂ ਉਦਾਹਰਨਾਂ ਵਿੱਚ ਸ਼ਾਮਲ ਹਨ:

- ਜਿੱਥੇ ਕੋਈ ਵਿਅਕਤੀ ਕਿਸੇ ਅਪਰਾਧ ਲਈ ਦੋਸ਼ੀ ਨਹੀਂ ਪਾਇਆ ਜਾਂਦਾ ਹੈ
- ਜਿੱਥੇ ਇੱਕ ਚਾਰਜ ਵਾਪਸ ਲੈ ਲਿਆ ਜਾਂਦਾ ਹੈ
- ਜਿੱਥੇ ਮੁਕੱਦਮਾ ਬੰਦ ਕੀਤਾ ਜਾਂਦਾ ਹੈ ਜਾਂ
- ਜਿੱਥੇ ਸਜ਼ਾ ਨੂੰ ਰੱਦ ਕੀਤਾ ਜਾਂਦਾ ਹੈ ਜਾਂ ਅਪੀਲ 'ਤੇ ਪਾਸੇ ਰੱਖਿਆ ਜਾਂਦਾ ਹੈ।

### ਸੰਸਥਾ

ਸੰਸਥਾ ਸ਼ਬਦ ਇੱਕ ਰੁਜ਼ਗਾਰਦਾਤਾ, ਇੱਕ ਵਾਲੰਟੀਅਰ ਸੰਸਥਾ ਜਾਂ ਇੱਕ ਸਿੱਖਿਆ ਪ੍ਰਦਾਤੇ ਨੂੰ ਦਰਸਾ ਸਕਦਾ ਹੈ।

## ਸੰਸਥਾ ਦੇ ਨੁਮਾਇੰਦੇ

ਇੱਕ ਸੰਸਥਾ ਦਾ ਨੁਮਾਇੰਦਾ WWC ਚੈੱਕ ਲਈ ਅਰਜ਼ੀ ਦੇਣ ਵਾਲੇ ਵਿਅਕਤੀ ਦੀ ਪੁਸ਼ਟੀ ਕਰਨ ਲਈ ਇੱਕ ਰੁਜ਼ਗਾਰਦਾਤਾ, ਵਲੰਟੀਅਰ ਸੰਸਥਾ ਜਾਂ ਸਿੱਖਿਆ ਪ੍ਰਦਾਤਾ ਦੁਆਰਾ ਅਧਿਕਾਰਤ ਵਿਅਕਤੀ ਨੂੰ ਦਰਸਾਉਂਦਾ ਹੈ ਜੋ ਸੰਸਥਾ ਵਿੱਚ **ਬੱਚਿਆਂ ਨਾਲ ਸੰਬੰਧਿਤ ਕੰਮ** ਵਿੱਚ ਸ਼ਾਮਲ ਹੈ। ਸੰਸਥਾ ਦੇ ਨੁਮਾਇੰਦੇ ਨੂੰ WWC ਸਕ੍ਰੀਨਿੰਗ ਯੂਨਿਟ ਦੁਆਰਾ WWC ਚੈੱਕ ਅਰਜ਼ੀ ਦੇ ਸੰਬੰਧ ਵਿੱਚ ਕਿਸੇ ਵੀ ਸਵਾਲ ਦੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ ਜਿਸਦੀ ਉਹਨਾਂ ਨੇ ਪੁਸ਼ਟੀ ਕੀਤੀ ਹੈ।

## ਤਨਖ਼ਾਹਦਾਰ ਕਰਮਚਾਰੀ

ਤਨਖ਼ਾਹ ਵਾਲਾ ਕਰਮਚਾਰੀ ਉਸ ਵਿਅਕਤੀ ਨੂੰ ਦਰਸਾਉਂਦਾ ਹੈ ਜੋ ਰੁਜ਼ਗਾਰ ਦੇ ਇਕਰਾਰਨਾਮੇ ਅਧੀਨ ਨਿਯਮਤ ਤਨਖ਼ਾਹ ਜਾਂ ਉਜਰਤ ਪ੍ਰਾਪਤ ਕਰਦਾ ਹੈ।

## ਮਾਤਾ-ਪਿਤਾ/ਮਾਪੇ

ਇੱਕ ਮਾਤਾ-ਪਿਤਾ ਨੂੰ ਕਾਨੂੰਨ ਵਿੱਚ ਇੱਕ ਅਜਿਹੇ ਵਿਅਕਤੀ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਜੋ:

- ਬੱਚੇ ਦੀ ਮਾਂ, ਪਿਤਾ, ਮਤਰੇਏ ਪਿਤਾ, ਮਤਰੇਈ ਮਾਂ ਹੈ
- ਕਾਨੂੰਨ ਅਨੁਸਾਰ ਜਿਸ 'ਤੇ ਬੱਚੇ ਦੀ ਲੰਬੇ ਸਮੇਂ ਦੀ ਜਾਂ ਰੋਜ਼ਾਨਾ ਦੇਖਭਾਲ, ਭਲਾਈ ਅਤੇ ਵਿਕਾਸ ਲਈ ਜ਼ਿੰਮੇਵਾਰੀ ਹੁੰਦੀ ਹੈ
- ਉਪਰੋਕਤ ਵਿੱਚੋਂ ਕਿਸੇ ਇੱਕ ਵਿੱਚ ਜ਼ਿਕਰ ਕੀਤੇ ਗਏ ਵਿਅਕਤੀ ਨਾਲ ਡੀ-ਫੈਕਟੋ ਸਬੰਧ ਵਿੱਚ ਹੈ ਜਾਂ
- ਅਡਾਪਸ਼ਨ ਕਾਨੂੰਨ 1994 ਦੇ ਤਹਿਤ ਬੱਚੇ ਦੇ ਸੰਭਾਵੀ ਗੋਦ ਲੈਣ ਵਾਲੇ ਮਾਤਾ-ਪਿਤਾ ਵਜੋਂ ਦਰਸਾਇਆ ਗਿਆ ਹੈ।

## ਵਿਚਾਰ ਅਧੀਨ ਦੋਸ਼

ਵਿਚਾਰ ਅਧੀਨ ਦੋਸ਼ ਦਾ ਅਰਥ ਹੈ ਕਿਸੇ ਅਪਰਾਧ ਲਈ ਦੋਸ਼ ਜਿਸ ਨੂੰ ਅਦਾਲਤ ਦੁਆਰਾ ਅਜੇ ਤੱਕ ਅੰਤਿਮ ਰੂਪ ਨਹੀਂ ਦਿੱਤਾ ਗਿਆ, ਜਾਂ ਨਿਪਟਾਇਆ ਨਹੀਂ ਗਿਆ ਹੈ।

## ਨਿਰਧਾਰਤ ਰਿਪੋਰਟਾਂ

ਇਸ ਧਾਰਾ ਦੁਆਰਾ ਸ਼ਾਮਿਲ ਕੀਤੀਆਂ ਰਿਪੋਰਟਾਂ ਦੀਆਂ ਕਿਸਮਾਂ ਵਿੱਚ, ਉਹਨਾਂ ਦੀ ਕਿਸਮ ਦੁਆਰਾ, ਬਹੁਤ ਸੰਵੇਦਨਸ਼ੀਲ ਅਤੇ ਗੁਪਤ ਸਮੱਗਰੀ ਹੋਣ ਦੀ ਸੰਭਾਵਨਾ ਹੈ ਅਤੇ ਅਕਸਰ ਉਹਨਾਂ ਦੇ ਖੁਲਾਸੇ 'ਤੇ ਮਨਾਹੀ ਜਾਂ ਪਾਬੰਦੀਆਂ ਹੁੰਦੀਆਂ ਹਨ। ਹਾਲਾਂਕਿ, ਨਿਰਧਾਰਤ ਰਿਪੋਰਟਾਂ ਵਿੱਚ ਸ਼ਾਮਲ ਜਾਣਕਾਰੀ ਸੰਭਾਵਤ ਤੌਰ 'ਤੇ ਉਸ ਜ਼ੋਖਮ ਨੂੰ ਘਟਾਉਣ ਸਮੇਤ ਕਾਨੂੰਨ ਦੇ ਅਧੀਨ ਕੀਤੇ ਜਾਣ ਵਾਲੇ ਜ਼ੋਖਮ ਦੇ ਮੁਲਾਂਕਣ ਲਈ ਬਹੁਤ ਜ਼ਿਆਦਾ ਢੁੱਕਵੀਂ ਹੋਵੇਗੀ।

## ਰਿਸ਼ਤੇਦਾਰ

ਰਿਸ਼ਤੇਦਾਰ ਨੂੰ ਬੱਚੇ ਦੇ ਸੰਬੰਧ ਵਿੱਚ ਕਾਨੂੰਨ ਵਿੱਚ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਅਤੇ ਹਵਾਲਾ ਦਿੱਤਾ ਗਿਆ ਹੈ:

- ਮਾਤਾ-ਪਿਤਾ, ਦਾਦਾ-ਦਾਦੀ, ਨਾਨਾ-ਨਾਨੀ ਜਾਂ ਹੋਰ ਪੂਰਵਜ
- ਭੈਣ-ਭਰਾ
- ਚਾਚਾ, ਮਾਮਾ, ਤਾਇਆ, ਫੁੱਫੜ, ਮਾਸੜ ਜਾਂ ਚਾਚੀ, ਮਾਮੀ, ਤਾਈ, ਭੂਆ, ਮਾਸੀ
- ਚਚੇਰੇ ਭੈਣ-ਭਰਾ
- ਜੀਵਨ ਸਾਥੀ ਜਾਂ ਡੀ-ਫੈਕਟੋ ਸਾਥੀ।

ਇਹ ਲਾਗੂ ਹੁੰਦਾ ਹੈ ਕਿ ਕੀ ਰਿਸ਼ਤਾ ਇਕਸੁਰਤਾ, ਵਿਆਹ, ਡੀ-ਫੈਕਟੋ ਸੰਬੰਧ, ਇੱਕ ਲਿਖਤੀ ਕਾਨੂੰਨ, ਜਾਂ ਇੱਕ ਕੁਦਰਤੀ ਸੰਬੰਧ ਸਥਾਪਿਤ ਕੀਤਾ ਗਿਆ ਹੈ ਜਾਂ ਨਿਭਾਇਆ ਗਿਆ ਹੈ।
ਇਸ ਵਿੱਚ ਬੱਚੇ ਦੇ ਐਬੋਰਿਜ਼ਨਲ ਜਾਂ ਟੋਰੇਸ ਸਟ੍ਰੇਟ ਆਈਲੈਂਡਰ ਭਾਈਚਾਰੇ ਦੇ ਰਵਾਇਤੀ ਕਾਨੂੰਨ ਜਾਂ ਪਰੰਪਰਾ ਦੇ ਤਹਿਤ ਉੱਪਰ ਸੂਚੀਬੱਧ ਬਰਾਬਰ ਦੇ ਰਿਸ਼ਤੇਦਾਰ ਵਜੋਂ ਜਾਣਿਆ ਜਾਂਦਾ ਵਿਅਕਤੀ ਸ਼ਾਮਲ ਹੈ।

## ਸੰਬੰਧਿਤ ਤਬਦੀਲੀ

ਕਿਸੇ ਵਿਅਕਤੀ ਦੇ ਅਪਰਾਧਿਕ ਰਿਕਾਰਡ ਵਿੱਚ ਇੱਕ ਢੁੱਕਵੀਂ ਤਬਦੀਲੀ ਉਦੋਂ ਵਾਪਰਦੀ ਹੈ ਜਦੋਂ ਕਿਸੇ ਵਿਅਕਤੀ ਨੂੰ **ਕਲਾਸ 1 ਦੇ ਅਪਰਾਧ** ਜਾਂ **ਕਲਾਸ 2 ਦੇ ਅਪਰਾਧ** ਲਈ ਦੋਸ਼ੀ ਠਹਿਰਾਇਆ ਜਾਂਦਾ ਹੈ ਜਾਂ ਦੋਸ਼ ਸਿੱਧ ਕੀਤਾ ਜਾਂਦਾ ਹੈ।

## ਸੰਬੰਧਿਤ ਜਾਣਕਾਰੀ

ਸੰਬੰਧਿਤ ਜਾਣਕਾਰੀ ਦਾ ਉਦੇਸ਼ ਜਾਣਕਾਰੀ ਦੀ ਇੱਕ ਵਿਸ਼ਾਲ ਸ਼੍ਰੇਣੀ ਨੂੰ ਸ਼ਾਮਿਲ ਕਰਨ ਲਈ ਇੱਕ ਵਿਆਪਕ ਪਰਿਭਾਸ਼ਾ ਬਣਾਉਣਾ ਹੈ ਜੋ ਇੱਕ ਮੁਲਾਂਕਣ ਜਾਂ ਸਮੀਖਿਆ ਕਾਰਵਾਈਆਂ ਦੇ ਸੰਚਾਲਨ ਲਈ ਜ਼ਰੂਰੀ ਹੈ, ਅਤੇ ਜ਼ੋਖਮ ਦੇ ਮੁਲਾਂਕਣ ਜਾਂ ਪਛਾਣੇ ਗਏ ਜ਼ੋਖਮ ਨੂੰ ਘਟਾਉਣ ਨਾਲ ਸੰਬੰਧਿਤ ਹੈ।

## ਨਵੀਨੀਕਰਨ

ਨਵੀਨੀਕਰਨ ਦਾ ਮਤਲਬ ਹੈ WWC ਚੈੱਕ ਦੀ ਅਰਜ਼ੀ, ਜੋ ਕਿ ਬੱਚਿਆਂ ਨਾਲ ਸੰਬੰਧਿਤ ਕੰਮ ਨੂੰ ਜਾਰੀ ਰੱਖਣ ਵਾਲੇ ਵਿਅਕਤੀ ਦੁਆਰਾ, ਆਪਣੇ ਮੌਜੂਦਾ WWC ਕਾਰਡ ਦੀ ਮਿਆਦ ਪੁੱਗਣ ਦੀ ਮਿਤੀ ਤੋਂ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਦਰਜ ਕੀਤੀ ਗਈ ਹੈ।

## ਰਿਪੋਰਟ ਕਰਨ ਯੋਗ ਆਚਰਣ

ਰਿਪੋਰਟ ਕਰਨ ਯੋਗ ਆਚਰਣ ਦਾ ਅਰਥ ਹੈ WA ਦੇ ਅਧਿਆਪਕ ਰਜਿਸਟ੍ਰੇਸ਼ਨ ਬੋਰਡ ਜਾਂ ਰਿਪੋਰਟ ਕਰਨ ਯੋਗ ਆਚਰਣ ਸਕੀਮ ਦੇ ਤਹਿਤ ਲੋਕਪਾਲ WA ਨੂੰ ਰਿਪੋਰਟ ਕੀਤੇ ਗਏ ਅਤੇ WWC ਸਕ੍ਰੀਨਿੰਗ ਯੂਨਿਟ ਨੂੰ ਪ੍ਰਦਾਨ ਕੀਤੇ ਗਏ ਸਮੀਖਿਆ ਦੇ ਨਤੀਜੇ ਜਾਂ ਲੱਭਤਾਂ।
ਆਚਰਣ ਸਮੀਖਿਆ ਲੱਭਤਾਂ ਜਾਂ ਨਤੀਜਿਆਂ ਵਿੱਚ ਸੰਬੰਧਿਤ ਅਨੁਸ਼ਾਸਨੀ ਅਤੇ/ਜਾਂ ਦੁਰਵਿਹਾਰ ਦੇ ਮਾਮਲੇ ਸ਼ਾਮਲ ਹੋਣਗੇ ਜੋ ਬੱਚਿਆਂ ਦੇ ਵਿਰੁੱਧ ਅਪਰਾਧਿਕ ਅਪਰਾਧ, ਜਾਂ ਚਿੰਤਾ ਦੇ ਹੋਰ ਵਿਵਹਾਰ ਨਾਲ ਸੰਬੰਧਿਤ ਹਨ।

## WA ਵਿੱਚ ਆਏ ਥੋੜ੍ਹੇ ਸਮੇਂ ਦੇ ਸੈਲਾਨੀਆਂ ਲਈ ਛੋਟ

WA ਵਿੱਚ ਆਏ ਥੋੜ੍ਹੇ ਸਮੇਂ ਦੇ ਸੈਲਾਨੀਆਂ ਲਈ ਛੋਟ *ਵਰਕਿੰਗ ਵਿਦ ਚਿਲਡਰਨ (ਸਕ੍ਰੀਨਿੰਗ) ਕਾਨੂੰਨ 2004* ਦੇ ਤਹਿਤ ਇੱਕ ਨਿਰਧਾਰਤ ਛੋਟ ਹੈ ਜੋ WA ਵਿੱਚ ਆਮ ਤੌਰ 'ਤੇ ਨਿਵਾਸੀ ਨਾ ਹੋਣ ਵਾਲੇ ਲੋਕਾਂ ਨੂੰ WA ਵਿੱਚ ਪਹੁੰਚਣ ਤੋਂ ਬਾਅਦ ਦੋ ਹਫ਼ਤਿਆਂ ਦੀ ਇੱਕ ਪਰਿਭਾਸ਼ਿਤ ਮਿਆਦ ਲਈ ਬੱਚਿਆਂ ਨਾਲ ਸੰਬੰਧਿਤ ਕੰਮ ਕਰਨ ਦੀ ਇਜਾਜ਼ਤ ਦਿੰਦੀ ਹੈ।
ਇਹ ਛੋਟ ਕਿਸੇ ਵੀ 12 ਮਹੀਨਿਆਂ ਦੀ ਮਿਆਦ ਵਿੱਚ ਦੋ ਹਫ਼ਤਿਆਂ ਤੋਂ ਵੱਧ ਲਈ ਨਹੀਂ ਵਰਤੀ ਜਾ ਸਕਦੀ ਹੈ ਅਤੇ ਉਸੇ 12 ਮਹੀਨਿਆਂ ਦੀ ਮਿਆਦ ਦੇ ਅੰਦਰ ਇੱਕ-ਵਾਰ ਰਾਸ਼ਟਰੀ ਸਮਾਗਮਾਂ ਅਤੇ ਰਾਸ਼ਟਰੀ ਟੂਰ ਛੋਟ ਦੇ ਨਾਲ ਜੋੜਕੇ ਨਹੀਂ ਵਰਤੀ ਜਾ ਸਕਦੀ ਹੈ। ਹੋਰ ਜਾਣਕਾਰੀ ਲਈ ਤੱਥ ਸ਼ੀਟ CRW02: ਛੋਟਾਂ, ਇੱਕ ਵਾਰੀ ਰਾਸ਼ਟਰੀ ਸਮਾਗਮ ਅਤੇ ਰਾਸ਼ਟਰੀ ਟੂਰ ਵੇਖੋ।

## ਭੁਗਤੀ ਜਾ ਚੁੱਕੀ ਸਜ਼ਾ

ਭੁਗਤੀ ਜਾ ਚੁੱਕੀ ਇੱਕ ਸਜ਼ਾ ਉਹ ਹੈ ਜੋ ਇੱਕ ਵਿਅਕਤੀ ਘੋਸ਼ਿਤ ਕਰਨ ਲਈ ਪਾਬੰਦ ਨਹੀਂ ਹੈ, ਹਾਲਾਂਕਿ, ਕੁੱਝ ਏਜੰਸੀਆਂ ਨੂੰ *ਭੁਗਤੀ ਜਾ ਚੁੱਕੀ ਸਜ਼ਾ ਕਾਨੂੰਨ 1988* ਦੇ ਤਹਿਤ ਇਸ ਜਾਣਕਾਰੀ ਤੱਕ ਪਹੁੰਚ ਕਰਨ ਦੀ ਛੋਟ ਹੈ।

## ਵਿਦਿਆਰਥੀ

ਵਿਦਿਆਰਥੀ ਨੂੰ ਕਾਨੂੰਨ ਵਿੱਚ ਇੱਕ ਅਜਿਹੇ ਵਿਅਕਤੀ ਵਜੋਂ ਪਰਿਭਾਸ਼ਿਤ ਕੀਤਾ ਅਤੇ ਦਰਸਾਇਆ ਗਿਆ ਹੈ ਜੋ ਕਿਸੇ ਸਿੱਖਿਆ ਪ੍ਰਦਾਤਾ ਨਾਲ ਪੜ੍ਹਾਈ ਦਾ ਕੋਈ ਵਿੱਦਿਅਕ ਜਾਂ ਕਿੱਤਾਮੁਖੀ ਕੋਰਸ ਕਰ ਰਿਹਾ ਹੈ ਅਤੇ ਜੋ ਉਸ ਕੋਰਸ ਦੇ ਹਿੱਸੇ ਵਜੋਂ ਬੱਚਿਆਂ ਨਾਲ ਸੰਬੰਧਿਤ ਕੰਮ ਕਰ ਸਕਦਾ ਹੈ ਜਾਂ ਲਾਜ਼ਮੀ ਕਰ ਸਕਦਾ ਹੈ।

## ਬਿਨਾਂ ਤਨਖਾਹ ਵਾਲਾ ਵਿਅਕਤੀ

ਬਿਨਾਂ ਤਨਖਾਹ ਵਾਲਾ ਵਿਅਕਤੀ ਇੱਕ ਅਜਿਹਾ ਵਿਅਕਤੀ ਹੁੰਦਾ ਹੈ ਜੋ ਬਿਨਾਂ ਕਿਸੇ ਵਿੱਤੀ ਇਨਾਮ ਜਾਂ ਮਜ਼ਦੂਰੀ ਦੇ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੁੰਦਾ ਹੈ। ਇਸ ਵਿੱਚ ਇੱਕ **ਵਾਲੰਟੀਅਰ**, ਪਲੇਸਮੈਂਟ 'ਤੇ **ਵਿਦਿਆਰਥੀ** ਅਤੇ ਹੋਰ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ ਜਿੱਥੇ ਬਿਨਾਂ ਭੁਗਤਾਨ ਕੀਤੇ ਕੰਮ ਕੀਤਾ ਜਾਂਦਾ ਹੈ, ਜਿਵੇਂ ਕਿ ਡੋਲ ਸਕੀਮ ਲਈ ਕੰਮ।

## ਆਮ ਡਿਊਟੀਆਂ

ਆਮ ਡਿਊਟੀਆਂ ਇੱਕ ਅਹੁਦੇ ਦੀਆਂ ਆਮ, ਸਧਾਰਨ, ਰੋਜ਼ਾਨਾ ਜਾਂ ਆਮ ਡਿਊਟੀਆਂ ਦਾ ਹਵਾਲਾ ਦਿੰਦੀਆਂ ਹਨ।

## ਵਾਲੰਟੀਅਰ

ਇੱਕ ਵਾਲੰਟੀਅਰ ਉਹ ਵਿਅਕਤੀ ਹੁੰਦਾ ਹੈ ਜੋ ਬਿਨਾਂ ਕਿਸੇ ਵਿੱਤੀ ਇਨਾਮ ਜਾਂ ਮਜ਼ਦੂਰੀ ਦੇ ਬੱਚਿਆਂ ਨਾਲ ਸੰਬੰਧਿਤ ਕੰਮ ਵਿੱਚ ਸ਼ਾਮਲ ਹੁੰਦਾ ਹੈ।

ਕੋਈ ਵਿਅਕਤੀ ਜੋ ਸਿਰਫ਼ ਬੱਚਿਆਂ ਨਾਲ ਸੰਬੰਧਿਤ ਕੰਮ ਨੂੰ ਪੂਰਾ ਕਰਨ ਦੇ ਆਪਣੇ ਖ਼ਰਚਿਆਂ ਨੂੰ ਪੂਰਾ ਕਰਦਾ ਭੁਗਤਾਨ ਪ੍ਰਾਪਤ ਕਰਦਾ ਹੈ, ਉਸਨੂੰ ਕੋਈ ਵਿੱਤੀ ਇਨਾਮ ਪ੍ਰਾਪਤ ਕਰਨਾ ਨਹੀਂ ਮੰਨਿਆ ਜਾਂਦਾ ਹੈ ਅਤੇ WWC ਸਕ੍ਰੀਨਿੰਗ ਯੂਨਿਟ ਦੁਆਰਾ ਵਾਲੰਟੀਅਰ ਕਰਨਾ ਮੰਨਿਆ ਜਾਂਦਾ ਹੈ।

ਸੰਸਥਾਵਾਂ ਨੂੰ ਧਿਆਨ ਨਾਲ ਵਿਚਾਰ ਕਰਨਾ ਚਾਹੀਦਾ ਹੈ ਕਿ ਕੀ ਕਿਸੇ ਵਿਅਕਤੀ ਨੂੰ ਅਦਾ ਕੀਤੀ ਗਈ ਰਕਮ ਨੂੰ ਆਮਦਨ ਜਾਂ ਲਾਗਤਾਂ ਨੂੰ ਪੂਰਾ ਕਰਨ ਲਈ ਭੁਗਤਾਨ ਮੰਨਿਆ ਜਾ ਸਕਦਾ ਹੈ। ਇਹ ਕਿਸੇ ਵੀ ਲਾਗੂ ਛੋਟਾਂ ਨੂੰ ਨਿਰਧਾਰਤ ਕਰਨ ਜਾਂ WWC ਚੈੱਕ ਫਾਰਮ ਜਾਂ ਨਵਿਆਉਣ ਲਈ ਅਰਜ਼ੀ 'ਤੇ ਦਸਤਖ਼ਤ ਕਰਨ ਤੋਂ ਪਹਿਲਾਂ ਕੀਤਾ ਜਾਣਾ ਚਾਹੀਦਾ ਹੈ।

ਇਹ ਫ਼ੈਸਲਾ ਲੈਂਦੇ ਸਮੇਂ ਸੰਸਥਾਵਾਂ ਨੂੰ ਹੇਠਾਂ ਦਿੱਤੇ ਸਵਾਲਾਂ 'ਤੇ ਵਿਚਾਰ ਕਰਨਾ ਲਾਭਦਾਇਕ ਹੋ ਸਕਦਾ ਹੈ:

- ਇਸ ਕੰਮ ਨੂੰ ਕਰਨ ਵਾਲੇ ਵਿਅਕਤੀ ਲਈ ਕੀ ਖ਼ਰਚੇ ਹਨ?
    - ਉਹਨਾਂ ਦੇ ਖ਼ਰਚੇ ਵਿੱਚ ਯਾਤਰਾ ਦੇ ਖ਼ਰਚੇ, ਫ਼ੋਨ ਕਾਲਾਂ, ਵਰਦੀਆਂ, ਸਟੇਸ਼ਨਰੀ, ਖੇਡਾਂ ਦਾ ਸਾਜ਼ੋ-ਸਾਮਾਨ ਅਤੇ ਹੋਰ ਚੀਜ਼ਾਂ ਸ਼ਾਮਲ ਹੋ ਸਕਦੀਆਂ ਹਨ ਜੇਕਰ ਉਹ ਚੀਜ਼ਾਂ ਨੂੰ ਉਹਨਾਂ ਦੇ ਬੱਚਿਆਂ ਨਾਲ ਸੰਬੰਧਤ ਕੰਮ ਵਿੱਚ ਸ਼ਾਮਲ ਕਰਨਾ ਜ਼ਰੂਰੀ ਹੈ।
- ਇਹ ਸੇਵਾ ਅਤੇ ਭੁਗਤਾਨ ਕਿਸ ਮਿਆਦ ਲਈ ਕੀਤੇ ਜਾਂਦੇ ਹਨ?
    - ਉਦਾਹਰਨ ਲਈ, ਜੇਕਰ ਵਿਅਕਤੀ ਨੂੰ ਕੀਤਾ ਗਿਆ ਭੁਗਤਾਨ ਉਸ ਵਿਅਕਤੀ ਦੇ ਸਾਲ ਭਰ ਵਿੱਚ ਕੀਤੇ ਗਏ ਖ਼ਰਚਿਆਂ ਨੂੰ ਪੂਰਾ ਕਰਨ ਦੀ ਉਮੀਦ ਕੀਤੇ ਜਾ ਸਕਣ ਵਾਲੇ ਭੁਗਤਾਨ ਤੋਂ ਵੱਧ ਨਹੀਂ ਹੈ, ਤਾਂ ਉਸ ਵਿਅਕਤੀ ਨੂੰ ਵਾਲੰਟੀਅਰ ਮੰਨਿਆ ਜਾ ਸਕਦਾ ਹੈ।
- ਕੀ ਵਿਅਕਤੀ ਦੁਆਰਾ ਪ੍ਰਾਪਤ ਭੁਗਤਾਨ ਕੰਮ ਨੂੰ ਪੂਰਾ ਕਰਨ ਦੀ ਲਾਗਤ ਤੋਂ ਵੱਧ ਹੈ?
    - ਜੇਕਰ ਅਜਿਹਾ ਹੈ, ਤਾਂ ਉਹਨਾਂ ਨੂੰ ਅਦਾਇਗੀ ਸਹਿਤ ਕਰਮਚਾਰੀ ਮੰਨਿਆ ਜਾਵੇਗਾ। ਇਹ ਬੇਮਤਲਬ ਹੈ ਕਿ ਕੀ ਇਹ ਕੰਮ ਅਕਸਰ ਹੁੰਦਾ ਹੈ ਜਾਂ ਕਦੇ-ਕਦਾਈਂ ਹੁੰਦਾ ਹੈ ਅਤੇ ਕੀ ਛੋਟੇ ਭੁਗਤਾਨ ਅਕਸਰ ਹੁੰਦੇ ਹਨ ਜਾਂ ਕਦੇ-ਕਦਾਈਂ ਵੱਡੇ ਭੁਗਤਾਨ ਹੁੰਦੇ ਹਨ।